ੴ ਸਤਿਗੁਰ ਪ੍ਰਸਾਦਿ ॥

178
179

ਗੁਰੂ ਨਾਨਕ ਦੇਵ ਮਿਸ਼ਨ ਸੀਰੀਜ਼

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥

# ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ

# ਨੂੰ

# ਸ਼ਰਧਾਂਜਲੀ

ਗੁਰੂ ਨਾਨਕ ਦੇਵ ਮਿਸ਼ਨ
ਡਾਕਘਰ ਸਨੌਰ ਪਟਿਆਲਾ (ਪੰਜਾਬ) (ਭਾਰਤ)
੨੨ ਫਰਵਰੀ ੧੯੮੦

ਗੁਰੂ ਪਿਆਰਿਓ, ਇਹ ਅਲਪ ਜਿਹੀ ਸ਼ਰਧਾਂਜਲੀ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਵੋ ।

ੴ ਵਾਹਿਗੁਰੂ ਜੀ ਕੀ ਫਤਿਹ ॥

੨੨ ਫਰਵਰੀ ੧੯੮੦..................੧੦ ਫਗਣ ਸੰਮਤ ੨੦੩੬

ਅਜ ਉਨਾਠ ਸਾਲ ਬੀਤ ਗਏ ਹਨ, ਤਕਰੀਬਨ ਸਤ ਅਠ ਵਜੇ ਸਵੇਰ ਦਾ ਸਮਾਂ ਸੀ ਜਦੋਂ ਲੱਗ ਪੱਗ ੧੩੦ ਗੁਰੂ ਕੇ ਸਿੰਘ ਗੋਲੀਆਂ ਛਵੀਆਂ ਗੰਡਾਸਿਆਂ ਨਾਲ ਫਟੱੜ ਕੀਤੇ ਅਤੇ ਬਹੁਤੇ ਜੀਊਂਦਿਆਂ ਉਪਰ ਮਿਟੀ ਦਾ ਤੇਲ ਛਿੜਕ ਕੇ ਸਾੜੇ ਫੂਕੇ ਜਾ ਰਹੇ ਸਨ। ਭਾਈ ਲਛਮਣ ਸਿੰਘ ਜਥੇਦਾਰ ਨੂੰ ਜੰਡ ਨਾਲ ਬੰਨ੍ਹ ਅਤੇ ਉਪਰ ਤੇਲ ਪਾ ਕੇ ਜੀਊਂਦੇ ਜੀਅ ਸਾੜਿਆ ਜਾ ਰਿਹਾ ਸੀ ਅਤੇ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਦੇ ਸਿਸਕਦੇ ਸਰੀਰਾਂ ਨੂੰ ਮਿਟੀ ਦੇ ਭਾਂਡੇ ਪਕਾਉਂਦੀ ਆਵੀ ਦੇ ਭੇਟ ਕੀਤਾ ਗਿਆ ਸੀ।

ਕੀ ਉਹ ਆਪਣੀ ਆਸ ਉਮੈਦ ਦੇ ਉਲਟ ਅਣਭੋਲ ਮਹੰਤ ਦੇ ਜਾਲ ਵਿਚ ਆ ਫਸੇ ਸਨ ? ਕੀ ਉਹ ਨਿਰਾ ਸਹਿਜ ਸੁਭਾ ਗੁਰੂ ਦੇ ਦਰਬਾਰ ਮੱਥਾ ਟੇਕਣ ਆਏ ਅਬਾਗਤ ਗੋਲੀਆਂ ਤੇ ਛੱਵੀਆਂ ਦਾ ਨਿਸ਼ਾਨਾ ਬਣਾਏ ਗਏ ? ਨਹੀਂ, ਹਰਗਿਜ਼ ਨਹੀਂ, ਉਹ ਸਤਿਗੁਰੂ ਨਾਨਕ ਦੇ ਪਾਕ ਪਵਿੱਤਰ ਜਨਮ ਅਸਥਾਨ ਨੂੰ ਮਹੰਤਾਂ ਦੀਆਂ ਕੁਰੀਤੀਆਂ ਤੇ ਭ੍ਰਿਸ਼ਟਾਚਾਰ ਕਾਰਨ ਲਗੀ ਮੈਲ ਨੂੰ ਅਪਨਾ ਖੂਨ ਪਾ ਕੇ ਧੋਣ ਆਏ ਸਨ। ਉਨ੍ਹਾਂ ਨੂੰ ਮਹੰਤ ਦੀ ਤਿਆਰੀ ਦਾ ਪਤਾ ਸੀ। ਉਨ੍ਹਾਂ ਨੂੰ ਇਹ ਭੀ ਪਤਾ ਸੀ ਕਿ ਸਮੇਂ ਦੀ ਸਰਕਾਰ ਗੁਰਦੁਆਰਿਆਂ ਦੇ ਵਕਾਰ ਅਤੇ ਸਿਖ ਜੀਵਨ ਪਰ ਇਨ੍ਹਾਂ ਦੇ ਪ੍ਰਭਾਵ ਨੂੰ ਖਤਮ ਕਰ ਦੇਣਾ ਚਾਹੁੰਦੀ ਸੀ, ਕਿਉਂਕਿ ਅਜਿਹਾ ਕੀਤੇ ਬਿਨਾ ਸਿਖ ਨੂੰ ਸ਼ਕਤੀ ਹੀਨ ਨਹੀਂ ਕੀਤਾ ਜਾ ਸਕਦਾ ਸੀ। ਅਜੇਹਾ ਕਰਨ ਦਾ ਇਕੋ ਸਾਧਨ ਗੁਰਦੁਆਰਿਆਂ ਅੰਦਰੋਂ ਸਿਰੀ ਚਲਣ ਮੇਸ ਕੇ ਭ੍ਰਿਸ਼ਟਾਚਾਰ ਨੂੰ ਸ਼ਹਿ ਦੇਣਾ ਸੀ ਜਿਸ ਲਈ ਸਰਕਾਰ ਹਰ ਜ ਇਸ ਤਰੀਕੇ ਨਾਲ ਮਹੰਤ ਦੀ ਪਿਠ ਠੋਕਦੀ ਸੀ।

ਪੰਜਾਬ ਦੇ ਹਿੰਦੂ ਸਮਾਜ ਦਾ ਵਡਾ ਹਿੱਸਾ ਭੀ ਮਹੰਤਾਂ ਦੇ ਨਾਲ ਸੀ, ਜਿਸ ਦਾ ਕਾਰਨ ਬੀਤੇ ੫੦-੬੦ ਸਾਲ ਅੰਦਰ ਆਰੀਆ ਸਮਾਜ ਦਾ ਕੀਤਾ ਸਿਖ ਵਿਰੋਧੀ ਪ੍ਰਚਾਰ ਸੀ। ਇਸ ਤੋਂ ਇਲਾਵਾ ਉਦਾਸੀ ਸੰਪਰਦਾ ਦੇ ਸਾਧੂ ਜਿਨ੍ਹਾਂ ਦੇ ਹੱਥ ਵਿਚ ਲਗ ਪਗ ਦੋ ਸੌ ਸਾਲ ਤੋਂ ਗੁਰਦੁਆਰੇ ਰਹੇ ਸਨ, ਵਿਸ਼ੇਸ਼ ਕਰ ਕੇ ਹਿੰਦੂ ਰੁਚੀ ਰਖਦੇ ਸਨ, ਜਿਸ ਸਦਕਾ ਉਨ੍ਹਾਂ ਨੇ ਗੁਰਦੁਆਰਿਆਂ ਦੀ ਪੂਜਾ ਪਾਠ ਦੀ ਸਾਰੀ ਵਿਧੀ ਹਿੰਦੂ ਰੀਤਾਂ ਰਸਮਾਂ ਵਾਲੀ ਬਣਾ ਦਿਤੀ ਹੋਈ ਸੀ, ਜਿਸ ਲਈ ਹਿੰਦੂ ਮੁਖੀ ਆਮ ਤੌਰ ਮਹੰਤਾਂ ਦੇ ਨਾਲ ਸਨ। ਅਜੇਹੇ ਮੁਖੀਆਂ ਦੀ ਸਲਾਹ ਅਧੀਨ ਉਨ੍ਹਾਂ ਦਿਨਾਂ ਵਿਚ ਹੀ ਉਦਾਸੀਨ ਮਹਾਂ ਮੰਡਲ ਦੀ ਸਥਾਪਨਾ ਕੀਤੀ ਗਈ ਜਿਸ ਦਾ ਇਕ ਮੰਤਵ ਗੁਰਦੁਆਰੇ ਉਦਾਸੀ ਹੱਥਾਂ ਵਿਚ ਸੁਰੱਖਿਅਤ ਕਰਨਾ ਸੀ, ਬਲਕਿ ਸੰਨ ੧੯੨੦ ਵਿਚ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਮਹੰਤ ਨੇ ਗੁਰਦੁਆਰੇ ਦੇ ਪ੍ਰਬੰਧ ਲਈ ਲਾਲਾ ਲਾਜਪਤ ਰਾਇ ਦੀ ਸਰਪਰਸਤੀ ਹੇਠ ਇਕ ਹਿੰਦੂ ਟਰਸਟ ਬਣਾਏ ਜਾਣ ਦੀ ਭੀ ਵਿਉਂਤ ਕੀਤੀ। ੧੯-੨੦ ਫਰਵਰੀ ੧੯੨੧ ਨੂੰ ਲਾਹੌਰ ਵਿਚ ਉਦਾਸੀਨ ਮਹਾਂ ਮੰਡਲ ਵਲੋਂ ਕੀਤੀ ਜਾਣ ਵਾਲੀ ਸਨਾਤਨ ਸਿਖ ਕਾਨਫਰੰਸ ਵਿਚ ਅਜੇਹੇ ਸਾਰੇ ਮਾਮਲੇ ਵਿਚਾਰੇ ਜਾਣੇ ਸਨ। ਇਸ ਵਿਚ ਸ਼ਾਮਲ ਹੋਣ ਲਈ ਨਰੈਣ ਦਾਸ ਮਹੰਤ ਗੁ: ਜਨਮ ਅਸਥਾਨ ਤੋਂ ਕਈ ਹੋਰ ਸਾਥੀਆਂ ਸਮੇਤ ਨਨਕਾਣਾ ਸਾਹਿਬ ਤੋਂ 19 ਫਰਵਰੀ ਸਵੇਰੇ ਚਲ ਭੀ ਪਿਆ ਸੀ।

ਐਸੇ ਹਾਲਾਤ ਵਿਚ ਜਦੋਂ ਮਹੰਤ ਸਿਖਾਂ ਨੂੰ ਮਰਨ ਲਈ ਤਿਆਰ ਹੋਣ, ਸਰਕਾਰ ਉਨ੍ਹਾਂ ਦੀ ਪਿਠ ਠੋਕਦੀ ਹੋਵੇ ਅਤੇ ਹਿੰਦੂ ਸਮਾਜ ਮਹੰਤਾਂ ਦੇ ਨਾਲ ਹੋਵੇ ਸਿਖਾਂ ਲਈ ਲੜਾਈ ਕਰਕੇ ਜਾਂ ਤਸ਼ਦਦ ਰਾਹੀਂ ਗੁਰਦੁਆਰਿਆਂ ਦੀ ਸੇਵਾ ਸੰਭਾਲਨੀ ਕਠਨ ਸੀ। ਫਿਰ ਇਹ ਭੀ ਜ਼ਰੂਰੀ ਸੀ ਅਤੇ ਸਮੁਚਾ ਸਿਖ ਇਤਿਹਾਸ ਇਸ ਦਾ ਸਾਖੀ ਸੀ ਕਿ ਧਰਮ ਦੀ ਰਖਿਆ ਲਈ ਸਿਰ ਤਲੀ ਪਰ ਰਖਣਾ ਪੈਂਦਾ ਹੈ, ਬਿਨਾ ਸੀਸ ਲਗਾਏ ਧਰਮ ਪਰਫੁੱਲਤ ਨਹੀਂ ਹੁੰਦਾ। ਸੋ ਸਿਖਾਂ ਨੇ ਫੈਸਲਾ ਕੀਤਾ ਕਿ ਗੁਰਦੁਆਰਿਆਂ ਵਿਚੋਂ ਭ੍ਰਿਸ਼ਟਾਚਾਰ ਦੀ ਮੈਲ ਧੋਣੀ ਹੈ ਜਿਸ ਦੇ ਲਈ ਸਮੇਂ ਦੀ ਲੋੜ ਅਨੁਸਾਰ ਅਦਮ ਤਸ਼ੱਦਦ (ਅਗੋਂ ਹਥ ਨਾ ਚੁਕਣਾ) ਹੀ ਇਕੋ ਇਕ ਰਸਤਾ ਹੈ ਅਤੇ ਇਸ ਰਸਤੇ ਤੁਰਦਿਆਂ ਜਾਨਾਂ ਅਰਪਨ ਕਰਨੀਆਂ ਪੈਣ ਤਾਂ

ਕੀਤੀਆਂ ਜਾਣ। ਭਾਈ ਲਛਮਣ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘ ਜੋ ੯ ਫਗਣ ਮੁਤਾਬਕ ੧੯ ਫਰਵਰੀ ਨੂੰ ਤ੍ਰਿਕਾਲਾਂ ਪਈਆਂ ਧਾਰੋਵਾਲ ਬਾਰ ਅਤੇ ਇਸ ਦੇ ਆਲੇ ਦੁਆਲੇ ਦੇ ਪਿੰਡਾਂ ਤੋਂ ਨਨਕਾਣਾ ਸਾਹਿਬ ਵੱਲ ਤੁਰੇ ਸਨ, ਉਕਤ ਗੱਲਾਂ ਤੋਂ ਭਲੀ ਭਾਂਤ ਜਾਣੂ ਸਨ ਅਤੇ ਉਹ ਇਹ ਮਿਥ ਕੇ ਚਲੇ ਸਨ ਕਿ ਅਸਾਂ ਗੁਰਦੁਆਰਾ ਜਨਮ ਅਸਥਾਨ ਅੰਦਰੋਂ ਭ੍ਰਿਸ਼ਟਾਚਾਰੀ ਦੀ ਮੈਲ ਨੂੰ ਧੋਣ ਲਈ ਸ਼ਹੀਦ ਹੋਣਾ ਹੈ। ਇਸ ਬਾਰੇ ਉਨ੍ਹਾਂ ਨੂੰ ਕੋਈ ਸੰਦੇਹ ਨਹੀਂ ਸੀ ਜਿਸ ਦੇ ਹੇਠ ਲਿਖੇ ਇਤਿਹਾਸਕ ਸਬੂਤ ਹਨ:—

(੧) ਜਦੋਂ ਜਥਾ ਨਨਕਾਣਾ ਸਾਹਿਬ ਦੀ ਜੂਹ ਵਿਚ ਦਾਖਲ ਹੋਇਆ ਤਾਂ ਪਿੰਡ ਕੋਟ ਦਰਬਾਰ ਸਾਹਿਬ ਦੇ ਲਾਗੇ ਜਥੇਦਾਰ ਲਛਮਣ ਸਿੰਘ ਜੀ ਨੇ ਜਥੇ ਦੇ ਸਾਰੇ ਸਿੰਘਾਂ ਪਾਸੋਂ ਹੱਥ ਨ ਉਠਾਉਣ ਅਤੇ ਸ਼ਾਤਮਈ ਰਹਿੰਦੇ ਹੋਏ ਸ਼ਹੀਦੀ ਪ੍ਰਾਪਤ ਕਰਨ ਦਾ ਪ੍ਰਣ ਲਿਆ।

(੨) ਨਨਕਾਣਾ ਸਾਹਿਬ ਦੀ ਮੌਜੂਦਾ ਤਹਿਸ਼ੀਲ ਵਾਲੇ ਥਾਉਂ ਪੁਜ ਕੇ ਸਾਰੇ ਜਥੇ ਵਲੋਂ ਭਾਈ ਲਛਮਣ ਸਿੰਘ ਨੇ ਇਹ ਅਰਦਾਸਾ ਸੋਧਿਆ 'ਗੁਰੂ ਨਾਨਕ ਤੇਰੇ ਦਰ ਦੇ ਕੂਕਰ ਤੇਰੇ ਦਰਸ਼ਨ ਨੂੰ ਆਏ ਹਾਂ ਅਤੇ ਇਰਾਦਾ ਧਾਰਿਆ ਏ, ਤੇਰੇ ਦਰਬਾਰ ਅੰਦਰ ਹੋ ਰਹੀਆਂ ਕੁਰੀਤੀਆਂ ਨੂੰ ਆਪਨਾ ਖੂਨ ਪਾ ਕੇ ਧੋਣ ਦਾ, ਤੂੰ ਬਲ ਬਖਸ਼ ਕਿ ਅਸੀਂ ਆਪਣੇ ਇਰਾਦੇ ਵਿਚ ਸਫਲ ਹੋਈਏ ਅਤੇ ਇਹ ਮਿਟੀ ਦੀਆਂ ਮਣੋਲੀਆਂ ਤੇਰੇ ਚਰਨਾਂ ਵਿਚ ਲਗ ਜਾਣ'

(੩) ਇਸੇ ਥਾਂ ਤੋਂ ਬੀਬੀ ਇੰਦਰ ਕੌਰ ਸਪੁਤਨੀ ਭਾਈ ਲਛਮਣ ਸਿੰਘ ਅਤੇ ਕੁਝ ਹੋਰ ਬੀਬੀਆਂ ਨੂੰ, ਜੋ ਜਥੇ ਦੇ ਨਾਲ ਸਨ, ਭਾਈ ਹਾਕਮ ਸਿੰਘ ਨਾਲ ਗੁਰਦੁਆਰਾ ਤੰਬੂ ਸਾਹਿਬ ਨੂੰ ਜਾਣ ਦਾ ਹੁਕਮ ਹੋਇਆ ਅਤੇ ਉਸ ਸਮੇਂ ਭਾਈ ਟਹਿਲ ਸਿੰਘ ਨੇ ਆਪਣੀ ਜੇਬ ਵਿਚੋਂ ੧੮ ਅਠਾਰਾਂ ਰੁਪੈ ਕਢ ਕੇ ਬੀਬੀ ਇੰਦਰ ਕੌਰ ਨੂੰ ਦੇਂਦੇ ਹੋਏ ਕਿਹਾ ਕਿ ਤੁਹਾਡੇ ਵਰਗੀਆਂ ਭੈਣਾਂ ਸ਼ਹੀਦੀ ਪਿਛੋਂ ਸਾਡੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾ ਦੇਣਗੀਆਂ।

(੪) ਜਥੇ ਪਰ ਜਨਮ ਅਸਥਾਨ ਅੰਦਰ ਗੋਲੀ ਵਰ੍ਹਦੀ ਸੁਣ ਕੇ ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਜੋ ਉਸ ਸਮੇਂ ਗੁ: ਜਨਮ ਅਸਥਾਨ ਤੋਂ ਇਕ ਮੀਲ ਦੂਰ ਸ੍ਰ: ਉਤਮ ਸਿੰਘ ਦੇ ਕਾਰਖਾਨੇ ਬੈਠੇ ਸਨ ਗੁਰਦੁਆਰੇ ਵੱਲ ਨੂੰ ਉਠ ਨਸੇ ! ਸ੍ਰ: ਉਤਮ ਸਿੰਘ ਨੇ ਇਨ੍ਹਾਂ ਨੂੰ ਬਹੁਤ ਰੋਕਿਆ, ਪਰ ਇਨ੍ਹਾਂ ਇਕ ਨ ਸੁਣੀ ਅਤੇ ਵਾਹੋ ਦਾਹੀ ਜਨਮ ਅਸਥਾਨ ਪੁਜੇ। ਅਜੇ ਇਹ ਗੁਰਦੁਆਰੇ ਦੇ ਬਾਹਰ ਹੀ ਸਨ ਕਿ ਮਹੰਤ ਤੇ ਉਸ ਦੇ ਸਾਥੀਆਂ ਵਲੋਂ ਗੋਲੀ ਤੇ ਛਵੀਆਂ ਦੇ ਵਾਰ ਸਹਿੰਦੇ ਸਿਸਕਦੇ ਹੀ ਘੁਮਿਆਰਾਂ ਦੀ ਬਲ ਰਹੀ ਆਵੀ ਵਿਚ ਝੋਕੇ ਗਏ।

ਇਹ ਹੈ ਅਜ ਦੇ ਦਿਨ ਦੀ ਅਭੁੱਲ ਯਾਦ ਅਤੇ ਇਸ ਗੱਲ ਦਾ ਪਰਤੱਖ ਸਬੂਤ ਕਿ ਗੁਰੂ ਕੇ ਸਿੰਘ ਗੁਰਦੁਆਰਿਆਂ ਦੀ ਪਵਿਤ੍ਰਤਾ ਅਤੇ ਸਿੱਖੀ ਮਰਯਾਦਾ ਤੇ ਰਹਿਣੀ ਨੂੰ ਕਿਨਾ ਪਿਆਰਦੇ ਸਨ।

ਇਤਿਹਾਸ ਦੀ ਉਮਰ ਅੰਦਰ ਉਨਾਠ ਸਾਲ ਕੋਈ ਸਮਾਂ ਨਹੀਂ। ਅਸੀਂ ਜਿਨ੍ਹਾਂ ਉਹ ਕੁਝ ਅਖੀਂ ਡਿੱਠਾ ਹਾਲਾਂ ਜੀਉਂਦੇ ਹਾਂ ਅਤੇ ਇਸ ਅਤਿ ਥੋੜੇ ਸਮੇਂ ਅੰਦਰ ਜੋ ਪ੍ਰੀਵਰਤਨ ਆਇਆ ਭੀ ਸਾਡੇ ਸਾਹਮਣੇ ਹੈ।

ਬਿਦੇਸ਼ੀ ਰਾਜ ਨ ਰਿਹਾ ਅਤੇ ਦੇਸ਼ ਦਾ ਦੋ ਭਾਗਾਂ ਵਿਚ ਵੰਡਾਰਾ ਹੋ ਗਿਆ ਇਕ ਭਾਗ ਇਸਲਾਮ ਦੇ ਨਾਮ ਤੇ ਮੁਸਲਮਾਨਾਂ ਨੇ ਸੰਭਾਲ ਲਿਆ ਤੇ ਦੂਜਾ ਨੈਸ਼ਨਲ ਕਾਂਗਰਸ ਨੇ। ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀਆਂ ਦੇ ਇਸਲਾਮੀ ਰਾਜ ਦਾ ਸਿੱਖਾਂ ਨੂੰ ਬੜਾ ਖੱਟਾ ਤਜਰਬਾ ਸੀ। ਫਿਰ ਨੈਸ਼ਨਲ ਕਾਂਗਰਸ ਨੇ ਨੈਸ਼ਨਲ ਜਮਾਤ ਦਾ ਦਾਅਵਾ ਕਰਦੇ ਹੋਏ ਘਟ ਗਿਣਤੀ ਕੌਮਾ ਨੂੰ ਉਨ੍ਹਾਂ ਦੇ ਹੱਕ ਸੁਰੱਖਿਅਤ ਰਖਣ ਦਾ ਬਚਨ ਦਿਤਾ, ਜਿਸ਼ ਤੇ ਭਰੋਸਾ ਕਰਕੇ ਸਿਖ ਮੁਖੀਆਂ ਨੇ ਦੇਸ਼ ਦੇ ਕਾਂਗਰਸ਼ੀ ਭਾਗ ਦਾ ਵਸਨੀਕ ਬਨਣ ਦਾ ਫੈਸਲਾ ਕੀਤਾ ਅਤੇ ਪਵਿੱਤਰ ਜਨਮ ਅਸਥਾਨ, ਜਿਸ ਦੀ ਆਜ਼ਾਦੀ ਨੂੰ ਕਾਇਮ ਰਖਣ ਲਈ ਅਜ ਸ਼ਹੀਦੀਆਂ ਪਾਈਆਂ ਗਈਆਂ ਸਨ, ਜਿਹੇ ਅਨੇਕ ਗੁਰ ਅਸਥਾਨ ਅਤੇ ਕਰੋੜਾਂ ਦੀਆਂ ਜਾਇਦਾਦਾਂ, ਜ਼ਮੀਨਾਂ ਤੇ ਘਰ ਘਾਟ ਛੱਡ ਕੇ ਅਸੀਂ ਭਾਰਤ ਦੇ ਵਾਸੀ ਆਂ ਬਣੇ। ਪਰ ਹਾਲਾਂ

ਅਸੀਂ ਆਪਣੇ ਨਵੇਂ ਘਰ ਉਸਾਰ ਕੇ ਇਨ੍ਹਾਂ ਅੰਦਰ ਆਪਣੇ ਮੰਜੇ ਪੀੜੇ ਧਰੇ ਭੀ ਨਹੀਂ ਸਨ ਕਿ ਸਾਡੀ ਆਪਣੀ ਨੈਸ਼ਨਲ ਸਰਕਾਰ ਨੇ ਸਾਡੇ ਹਕੂਕ ਤਾਂ ਸੁਰੱਖਿਅਤ ਕੀ ਕਰਨੇ ਸਨ, ਸਾਡੀ ਨਿਆਰੀ ਹੋਂਦ ਜਿਸ ਨੂੰ ਅੰਗਰੇਜ ਸਰਕਾਰ ਭੀ ਤਸਲੀਮ ਕਰ ਚੁਕੀ ਸੀ, ਨੂੰ ਮੰਨਣ ਤੋਂ ਹੀ ਇਨਕਾਰ ਕਰ ਦਿਤਾ ਅਤੇ ਸਾਡੇ ਨਿਆਰੇ ਇਸ਼ਟ, ਰੂਪ, ਰਹਿਣੀ ਤੇ ਕਲਚਰ ਦੇ ਬਾਵਜੂਦ ਸਾਂਨੂੰ ਹਿੰਦੂਆਂ ਦਾ ਹੀ ਇਕ ਫਿਰਕਾ ਦਸ ਕੇ ਸਾਨੂੰ ਘਟ ਗਿਣਤੀ ਕੌਮਾਂ ਵਾਲੇ ਹੱਕ ਜਤਾਉਣ ਅਤੇ ਮੰਗਣ ਤੋਂ ਸਦਾ ਲਈ ਵਾਂਜਿਆ ਕਰ ਦਿਤਾ, ਬਲਕਿ ਜੋ ਰੂਪ ਅਤੇ ਰਹਿਣੀ ਬਖਸ਼ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਾਨੂੰ ਮਾਰਸਲ ਬਣਾਇਆ ਅਤੇ ਦਾਸਾਂ ਤੋਂ ਸਰਦਾਰ ਕੀਤਾ ਸੀ ਉਸ ਦੇ ਖੋਹਣ ਦੀ ਇਨ੍ਹਾਂ ਠਾਣ ਲਈ । ਬਦੇਸ਼ੀ ਰਾਜ ਤਾਂ ਸਾਨੂੰ ਸ਼ਕਤੀ ਹੀਨ ਕਰਕੇ ਆਪਣੀ ਸਮਰੱਥਾ ਨਿਸਚੇ ਕਰਦਾ ਸੀ, ਆਪਣਿਆਂ ਨੇ ਸਾਨੂੰ ਰੂਪ ਹੀਨ ਕਰਕੇ ਆਪਣੀ ਸੰਖਿਆ ਵਧਾਉਣ ਦੀ ਠਾਣੀ । ਅਸੀਂ ਜੋ ਪਹਿਲੋਂ ਹੀ ਆਟੇ ਵਿਚ ਲੂਣ ਮਾਤਰ ਸਾਂ ਅਤੇ ਖਾਣੇ ਅੰਦਰ ਲੂਣ ਵਾਂਗ ਹੀ ਭਾਰਤੀ ਗਣਰਾਜ ਦੀ ਹੋਂਦ ਲਈ ਜ਼ਰੂਰੀ ਸਾਂ, ਉਸ ਦੀ ਅਹਿਮੀਅਤ ਨੂੰ ਭੀ ਬਹੁ ਗਿਣਤੀ ਨਾ ਸਮਝ ਸਕੀ । ਉਨ੍ਹਾਂ ਨੂੰ ਭੁੱਲ ਗਿਆ ਕਿ ਖਾਲਸਾ ਤਾਂ ਗੁਰੂ ਗੋਬਿੰਦ ਸਿੰਘ ਦਾ ਆਪਨਾ ਰੂਪ ਸੀ । ਅੰਗ੍ਰੇਜ ਸਿਆਣਾ ਸੀ ਜਿਸ ਨੇ ਫੌਜੀ ਸਿਖ ਦੇ ਰੂਪ ਵਿਗਾੜਨ ਉਤੇ ਪਾਬੰਦੀ ਲਗਾ ਦਿਤੀ ਸੀ, ਇਨ੍ਹਾਂ ਨੇ ਰਾਜ ਸੰਭਾਲਣ ਸਾਰ ਹੀ ਇਹ ਪਾਬੰਦੀ ਚੁਕ ਦਿਤੀ ਬਲਕਿ ਰੂਪ ਵਿਗਾੜਨ ਨੂੰ ਸਹਿ ਦਿਤੀ । ਇਨ੍ਹਾਂ ਦੀ ਵੇਖਾ ਵੇਖੀ ਸਿਵਲੀਅਨ (ਗੈਰ ਫੌਜੀ) ਭੀ ਉਸੇ ਰਾਹੇ ਤੁਰ ਪਏ ।

ਪਰ 'ਜਿਸ ਨੋ ਆਪ ਖੁਆਏ ਕਰਤਾ ਖੁਸਿ ਲਏ ਚੰਗਿਆਈ' । ਰਾਜ ਵਿਚ ਆਏ ਪ੍ਰੀਵਰਤਨ ਦੇ ਨਾਲ ਹੀ ਸਾਡੇ ਆਪਨੇ ਅੰਦਰ ਪ੍ਰੀਵਰਤਨ ਆ ਗਿਆ। ਗੁਰਦੁਆਰੇ ਜਿਨ੍ਹਾਂ ਅੰਦਰੋਂ ਭ੍ਰਿਸ਼ਟਾਚਾਰੀ ਦੀ ਮੈਲ ਧੋਣ ਲਈ ਅਸੀਂ ਅਜ ਸ਼ਹੀਦੀਆਂ ਪਾਈਆਂ ਅਤੇ ਭਗਵੇ ਉਦਾਸੀ ਮਹੰਤਾ ਤੋਂ ਇਨ੍ਹਾਂ ਨੂੰ ਆਜ਼ਾਦ ਕਰਾ-ਇਆ ਸੀ, ਉਨ੍ਹਾਂ ਦੀ ਪੂਜਾ ਦਾ ਧਾਨ ਸਾਡੇ ਲਈ ਭੀ 'ਵਿਹੁ ਖੰਡੂ ਪਾਜ' ਹੋ ਗਿਆ ਅਤੇ ਨੀਲੀਆਂ ਘੱਟਵੀਆਂ ਪੱਗਾਂ ਵਾਲਿਆਂ ਨੇ ਉਦਾਸੀ ਮਹੰਤਾ ਵਾਲੀ ਥਾਂ ਲੈ ਲਈ । ਜੇ ਇਹ ਧਾਣ ਸਿਖੀ ਦੀ ਸੇਵਾਂ ਹਿਤ ਖਰਚ ਹੁੰਦਾ, ਅਤੇ ਸਿਖ ਹਿਰਦੇ 'ਗੁਰਬਾਣੀ ਇਸ ਜਗ ਮਹਿ ਚਾਨਣ' ਨਾਲ ਰੌਸ਼ਨਾਏ ਰਹਿੰਦੇ ਤਾਂ ਸ਼ਾਇਦ ਦੇਸ਼

ਧਰੋਹੀ ਲੋਕਾਂ ਦੀਆਂ ਚਾਲਾਂ ਸਿਖੀ ਦੀ ਏਨੀ ਹੇਠੀ ਨਾ ਕਰ ਸਕਦੀਆਂ। ਪਰ ਇਹ ਧਾਣ ਤਾਂ ਕੌਮ ਦੀ ਨਹੀਂ, ਸਗੋਂ ਆਪੋ ਆਪਨੀ ਰਾਜ ਸਤਾ ਵਧਾਉਣ ਤੇ ਖਰਚ ਹੋਣ ਲਗਾ, ਤਾਂ ਗੁਰੂ ਬਾਣੀ ਅਤੇ ਨਾਮ ਦਾ ਪਰਚਾ ਕੌਣ ਪਾਉਂਦਾ ? ਜਿਸ ਦਾ ਸਿੱਟਾ ਇਹ ਹੋਇਆ ਕਿ ਰਾਜ ਸੱਤਾ ਤਾਂ ਕੀ ਹੱਥ ਆਉਣੀ ਸੀ (ਜਿਥੇ ਸਿਰਾਂ ਦੀ ਗਿਣਤੀ ਰਾਜ ਸੱਤਾ ਦਾ ਆਧਾਰ ਹੋਵੇ ਉਥੇ ਡੇਢ ਪ੍ਰਤੀਸ਼ਤ ਲੋਕ ਕਰ ਵੀ ਕੀ ਸਕਦੇ ਸਨ) ਕੌਮ ਵਿਚੋਂ ਸਿਖ ਰਹਿਣੀ ਤੇ ਰੂਪ ਦੋਵੇਂ ਹੀ ਖੰਭ ਲਗਾ ਕੇ ਉਡਣ ਲਗ ਪਏ।

ਤੀਜਾ ਪ੍ਰੀਵਰਤਨ ਜੋ ਭਾਰਤੀ ਗਣ ਰਾਜ ਦੇਸ਼ ਅੰਦਰ ਖਾਸ ਕਰਕੇ ਪੰਜਾਬ ਅੰਦਰ ਲ਼ਿਆ ਰਿਹਾ ਹੈ, ਓਹ ਆਪਣੇ ਆਪ ਵਿਚ ਸਿਖ ਦੀ ਆਰਥਕ ਸੱਤਾ ਦਾ ਭੋਗ ਪਾਉਣ ਵਾਲਾ ਹੈ। ਸਿਖ ਵਿਸ਼ੇਸ਼ ਕਰਕੇ ਵਾਹੀ ਵਾਹ ਫੌਜੀ ਤੇ ਪੁਲੀਸ ਜਵਾਨ ਜਾਂ ਮੋਟਰ ਗੱਡੀ ਚਲਾਉਣ ਵਾਲਾ ਹੈ। ਅਜ ਦੀ ਗਣ ਰਾਜੀ ਚਾਲ ਹੇਠ ਵਾਹੀ ਵਾਹ ਨੂੰ ਘਸਿਆਰਾ ਬਣਾਇਆ ਜਾ ਰਿਹਾ ਹੈ, ਫੌਜੀ ਤੇ ਪੁਲਸ ਜਵਾਨ ਤੋਂ ਸਿਖੀ ਖੋਹੀ ਜਾ ਰਹੀ ਹੈ ਅਤੇ ਮੋਟਰ ਗਡੀਆਂ ਨੂੰ ਸਿਧਾ ਸਰਕਾਰੀ ਪ੍ਰਬੰਧ ਹੇਠ ਲੈਣ ਦੇ ਮਨਸੂਬੇ ਕਰਕੇ ਸਿਖ ਦੀ ਗਤੀ ਨੂੰ ਉਥੇ ਭੀ ਮਸ਼ਕੂਕ ਬਣਾਇਆ ਜਾ ਰਿਹਾ ਹੈ। ਪੰਜਾਬ ਤੋਂ ਬਾਹਰ ਦੇ ਸਿਖਾਂ ਨਾਲ ਹੁੰਦੇ ਵਿਤਕਰੇ ਦਾ ਤਾਂ ਕਹਿਣਾ ਹੀ ਕੀ ਹੋਇਆ। ਸਮੁਚੇ ਤੌਰ ਤੇ ਸਿਖ ਦੀ ਧਾਰਮਕ ਦਸ਼ਾ ਦਿਨੋ ਦਿਨ ਨਿਘਰਦੀ ਜਾ ਰਹੀ ਹੈ, ਰਾਜਸੀ ਦਸ਼ਾ ਬੜੀ ਡਾਵਾਂ ਡੋਲ ਹੈ, ਆਰਥਕ ਸਥਿਤੀ ਦੇ ਸਿਰ ਨੰਗ ਭੁਖ ਦਾ ਘੁਘੂ ਵਜ ਰਿਹਾ ਹੈ ਅਤੇ ਸਿਖ ਦਾ ਆਪਣਾ ਆਪ ਅਵਿਸ਼ਵਾਸ਼ ਦਾ ਸ਼ਿਕਾਰ ਹੋ ਰਿਹਾ ਹੈ।

ਹੁਣ ਸਿਖ ਲਈ ਇਹੋ ਸੋਚਣ ਵਾਲੀ ਗੱਲ ਹੈ ਕਿ ਅਜੇਹੇ ਮਸ਼ਕੂਕ ਹਾਨੀ-ਕਾਰਕ ਹਾਲਾਤ ਅੰਦਰ ਸਿਖ ਕਰੇ ਤਾਂ ਕੀ ਕਰੇ ?

ਸਿਖਾਂ ਪਰ ਅਨੇਕ ਵਾਰ ਅਉਕੜ ਦੇ ਸਮੇ ਆਏ ਅਤੇ ਅਨੇਕ ਵਾਰ ਹੀ ਇਹ ਘਰੋਂ ਬੇਘਰ ਤੇ ਦੇਸ਼ੋਂ ਬੇਦੇਸ਼ ਭੀ ਹੋਏ, ਪਰ ਸਿਖ ਦਾ ਗੁਰੂ ਪਰ ਵਿਸ਼ਵਾਸ਼ ਨਹੀਂ ਸੀ ਡੋਲਦਾ। ਸਿਖ ਦਾ ਨਿਸਚਾ ਹੁੰਦਾ ਸੀ ਕਿ ਜੇ ਉਹ ਸਚਾਈ ਪਰ ਹੈ ਤਾਂ

ਉਸਦਾ ਗੁਰੂ ਉਸ ਦੀ ਪਿਠ ਜ਼ਰੂਰ ਪੂਰੇਗਾ। ਉਹ ਸਿਦਕ ਭਰੇ ਦਿਲ ਨਾਲ. ਅਰਦਾਸ ਕਰਦਾ ਸੀ ਅਤੇ ਗੁਰੂ ਉਸਦੇ ਅੰਗ ਸੰਗ ਹੋ ਉਸਨੂੰ ਸਫਲਤਾ ਬਖਸ਼ਦਾ ਸੀ। ਸਿਖ ਦਾ ਇਹ ਵਿਸ਼ਵਾਸ਼ ਅਜ ਡੋਲ ਚੁਕਾ ਹੈ ਜਿਸ ਨੂੰ ਬਹਾਲ ਕਰਨ ਦੀ ਲੋੜ ਹੈ। ਇਹ ਗੁਰਬਾਣੀ ਦੇ ਅਭਿਆਸ, ਸਿਮਰਨ ਅਤੇ ਸੇਵਾ ਨਾਲ ਬਹਾਲ ਹੋ ਸਕਦਾ ਹੈ ਜਿਸ ਦੇ ਲਈ ਗੁਰਮਤਿ ਦਾ ਪ੍ਰਵਾਹ ਚਲਾਉਣਾ ਚਾਹੀਦਾ ਹੈ ਜਿਹੋ ਜਿਹਾ ਆਧੁਨਿਕ ਕਾਲ ਵਿਚ ਕੁਝ ਸਮਾਂ ਸਿੰਘ ਸਭਾ ਲਹਿਰ ਵਿਚ ਅਤੇ ਅਕਾਲੀ ਲਹਿਰ ਦੇ ਮੁਢਲੇ ਸਾਲਾਂ ਅੰਦਰ ਚਲਿਆ ਸੀ।

'ਸਿਖ ਦਾ ਧਰਮ ਅਤੇ ਰਾਜਨੀਤੀ ਅਡੋ ਅਡ ਨਹੀਂ' ਇਸ ਨਾਹਰੇ ਦੀ ਅਸਾਂ ਸਹੀ ਵਰਤੋਂ ਨਹੀਂ ਕੀਤੀ ਅਤੇ ਧਰਮ ਨੂੰ ਪਹਿਲ ਦੇਣ ਦੀ ਬਜਾਏ ਅਸਾਂ ਇਸ ਨੂੰ ਰਾਜਨੀਤੀ ਦਾ ਦੁਬੇਲ ਬਣਾਇਆ। ਰਾਜ ਸੱਤਾ ਨੂੰ ਧਰਮ ਦੀ ਬਿਰਧੀ ਵਾਸਤੇ ਵਰਤਣ ਦੀ ਬਜਾਏ ਅਸੀਂ ਧਰਮ ਨੂੰ ਰਾਜਨੀਤੀ ਹਿਤ ਵਰਤਿਆ। ਸ਼ੇਰੇ ਪੰਜਾਬ ਰਣਜੀਤ ਸਿੰਘ ਨੇ ਮਹਾਰਾਜਾ ਹੁੰਦੇ ਹੋਇਆਂ ਭੀ ਸ੍ਰੀ ਅਕਾਲ ਤਖਤ ਦੀ ਵਡਿਆਈ ਨੂੰ ਹਮੇਸ਼ਾਂ ਸ਼੍ਰੋਮਣੀ ਥਾਂ ਦਿਤਾ, ਪਰ ਸਾਡਾ ਅਕਾਲ ਤਖਤ ਰਾਜ ਭਾਗ ਦੀ ਇਕ ਏਜੰਸੀ ਤੋਂ ਵਧ ਕੁਝ ਨਾ ਬਣਿਆ, ਬਲਕਿ ਗੁਰਦੁਆਰਿਆ ਨੂੰ ਰਾਜ ਭਾਗ ਪ੍ਰਾਪਤ ਕਰਨ ਦੀ ਅਸੀਂ ਪੌੜੀ ਦੇ ਤੌਰ ਵਰਤਿਆ। ਸਤਿਗੁਰੂ ਜੀ ਦਾ ਤਾਂ ਹੁਕਮ ਸੀ: 'ਤਖਤਿ ਬਹੈ ਤਖ਼ਤੈ ਕੀ ਲਾਇਕ-ਪੰਜ ਸਮਾਇ ਗੁਰਮਤਿ ਪਾਇਕ' ਅਰਥਾਤ ਜਿਸ ਨੇ ਗੁਰੂ ਦੀ ਮਤ ਨੂੰ ਪ੍ਰਾਪਤ ਕਰਕੇ ਪੰਚ ਮਾਰ ਲਏ ਅਤੇ ਕਾਮਨਾ ਤਿਆਗ ਦਿਤੀ ਓਹੋ ਹੀ ਤਖਤ ਤੇ ਬਹਿਣ ਲਾਇਕ ਹੋਇਆ। ਜਦੋਂ ਸਾਡੇ ਅੰਦਰ ਤਖਤ ਤੇ ਬੈਠਣ (ਅਸੈਂਬਲੀਆਂ ਦੀ ਮੈਂਬਰੀ ਤੇ ਵਜ਼ੀਰੀ ਲੈਣ) ਦੀ ਕਾਮਨਾ ਬਣੀ ਰਹੀ ਅਤੇ ਅਸੀਂ ਇਨਾਂ ਦੀ ਟਿਕਟ ਨੂੰ ਸਿਖੀ ਪਰ ਤਰਜੀਹ ਦਿਤੀ ਤਾਂ ਅਸੀਂ ਮੈਂਬਰ ਜਾਂ ਵਜ਼ੀਰ ਬਨਣ ਦੇ ਯੋਗ ਕਿਵੇਂ ਹੋਏ ? ਕਪੂਰ ਸਿੰਘ ਦੇ ਮਨ ਅੰਦਰ ਨਵਾਬੀ ਦੀ ਕੋਈ ਚਾਹ ਨਹੀਂ ਸੀ ਪ੍ਰੰਤੂ ਜਦੋਂ ਪੰਥ ਨੇ ਉਸ ਨੂੰ ਨਵਾਬ ਥਾਪਿਆ ਤਾਂ ਓਹ ਨਵਾਬ ਕਪੂਰ ਸਿੰਘ ਹੋਇਆ। ਸਾਡੇ ਕਿੰਨੇ ਕੁ ਵਜ਼ੀਰ ਐਮ. ਪੀ. ਅਤੇ ਐਮ.ਐਲ ਏ ਨਿਜੀ ਕਾਮਨਾ ਰਹਿਤ ਗੁਰੂ ਪੰਥ ਦੇ ਨਿਵਾਜੇ ਹੋਏ ਇਨ੍ਹਾਂ ਸਥਾਨਾਂ ਤੇ ਸਜ ਰਹੇ ਹਨ ? ਜਿਸ ਸਿੰਘ ਅੰਦਰ ਪ੍ਰਧਾਨ, ਸਕੱਤਰ ਜਥੇਦਾਰ ਵਜ਼ੀਰ ਜਾਂ ਮੈਂਬਰ ਬਨਣ ਦੀ

ਇਛਾ ਭੀ ਹੈ ਉਹ ਕਦਾਚਿਤ ਅਜੇਹੇ ਕਿਸੇ ਸਥਾਨ ਦੇ ਯੋਗ ਨਹੀਂ। ਜਦੋਂ ਸਾਡੇ ਮੈਂਬਰ ਅਤੇ ਉਹਦੇਦਾਰ ਇਸ ਅਵਸਥਾ ਵਾਲੇ ਹੋਣਗੇ ਤਾਂ ਸਿਖੀ ਦਾ ਵਾਲ ਵਿੰਗਾ ਕਰਨ ਦਾ ਭੀ ਕਿਸੇ ਨੂੰ ਹੌਸਲਾ ਨਹੀਂ ਹੋਵੇਗਾ।

ਫਿਰ ਧਰਮ ਅਤੇ ਰਾਜਨੀਤੀ ਇਕ ਹੋਣ ਦੀ ਆੜ ਹੇਠ ਅਸੀਂ ਆਪਣੀਆਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਭੁੱਲ ਕੇ ਪੰਥ ਪ੍ਰਸਿਧੀ ਦੀ ਲਾਲਸਾ ਦੇ ਨਾਮ ਤੇ ਹਰ ਥਾਂ ਕਿੰਗ ਮੇਕਰ ਦਾ ਰੋਲ ਅਦਾ ਕਰਨ ਵਲ ਲਗ ਗਏ। ਉਦਾਹਰਣ ਮਾਤਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਕੰਮ, ਜਿਹਾ ਕਿ ਇਸ ਦੇ ਨਾਮ ਤੋਂ ਪ੍ਰਗਟ ਹੈ, ਗੁਰਦਵਾਰਿਆਂ ਦਾ ਸੁਚੱਜਾ ਪ੍ਰਬੰਧ ਚਲਾਉਣਾ ਅਤੇ ਗੁਰਦਵਾਰਿਆਂ ਦੀ ਚੜ੍ਹਤ ਆਦਿ ਨੂੰ ਗੁਰੂ ਦੇ ਲੰਗਰ ਤੇ ਗੁਰਮਤਿ ਪ੍ਰਚਾਰ ਵਾਸਤੇ ਵਰਤਨਾ ਸੀ। ਕੌਮ ਦੀ ਮਾਰਸ਼ਲ ਸੱਤਾ ਦੀ ਲੋੜ ਸਮੇਂ ਵਰਤੋਂ ਕਰਨ ਲਈ ਪੰਥ ਵਲੋਂ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ ਹੋਈ ਸੀ। ਇਹ ਦੋਵੇਂ ਪੰਥ ਦੀਆਂ ਮੁਖ ਜਮਾਤਾਂ ਸਨ। ਜੇਕਰ ਇਹ ਦੋਵੇਂ ਆਪੋ ਆਪਨੇ ਦਾਇਰੇ ਅੰਦਰ ਰਹਿ ਕੇ ਆਪਨੀ 2 ਜ਼ਿੰਮੇਵਾਰੀ ਯੋਗ ਤਰੀਕੇ ਨਾਲ ਸੰਭਾਲ ਲੈਣ ਅਤੇ ਆਪੋ ਵਿਚ ਕੇਵਲ ਮਿਲਵਰਤਣ ਦੇਣ ਤਕ ਹੀ ਆਪਨੇ ਆਪ ਨੂੰ ਸੀਮਤ ਰਖਣ ਤਾਂ ਕੌਮ ਵਿਚ ਏਕਤਾ ਬਣੀ ਰਹਿਣ ਤੋਂ ਇਲਾਵਾ ਹਰ ਪੱਖ ਤੋਂ ਸਫਲਤਾ ਅਤੇ ਕੌਮ ਦੀ ਚੜ੍ਹਦੀ ਕਲਾ ਹੋਵੇ, ਗੁਰਮਤਿ ਪ੍ਰਚਾਰ ਦੇ ਰਸਤੇ ਖੁਲ੍ਹ ਜਾਣ ਅਤੇ ਰਾਜਸੀ ਚੋਣਾਂ ਵਿਚ ਭੀ ਪਰੇਸ਼ਾਨੀ ਨ ਵੇਖਣੀ ਪਵੇ, ਪਰ ਅਜੇਹਾ ਨ ਹੋਇਆ।

ਕਈ ਹੋਰ ਨੁਕਤੇ ਪੰਥ ਦਾ ਫੌਰੀ ਧਿਆਨ ਮੰਗਦੇ ਹਨ : ਸਿਖ ਨੌ-ਜਵਾਨਾਂ ਦੀ ਹਾਲਤ ਭਾਵੇਂ ਉਹ ਵਿਦਿਆਰਥੀ ਹੈ ਜਾਂ ਪਿੰਡਾਂ ਵਿਚ ਵਿਹਾਰ ਕਰਦਾ ਹੈ ਕਹਿਣ ਕਥਨ ਤੋਂ ਪਰੇ ਹੈ। ਸਿਖੀ ਵਲੋਂ ਉਕਾ ਹੀ ਮੂੰਹ ਮੋੜ ਲੈਣ ਤੋਂ ਇਲਾਵਾ ਇਨ੍ਹਾਂ ਅੰਦਰ ਸ਼ਰਾਬ, ਫੈਸ਼ਨ ਪ੍ਰਸਤੀ ਅਤੇ ਇਸ਼ਕੀਆਂ ਨਗਮੋਂ ਬਾਜ਼ੀ ਇਤਨੀ ਘਰ ਕਰ ਚੁਕੀ ਹੈ ਕਿ ਸਿਖ ਸਮਾਜ ਦਾ ਸਮੁਚਾ ਸ਼ੀਰਾਜ਼ਾ ਕਿਸੇ ਸਮੇਂ ਭੀ ਦਰਹਮ ਬਰਹਮ ਹੋ ਸਕਦਾ ਹੈ। ਇਸ ਨੂੰ ਸੰਭਾਲੋ।

ਜਿਨ੍ਹਾਂ ਸ਼ਹੀਦਾਂ ਦੇ ਨਮਿਤ ਇਹ ਉਕਤ ਸ਼ਬਦ ਲਿਖੇ ਹਨ ਉਨ੍ਹਾਂ ਦਾ ਵਾਸਤਾ ਪਾਕੇ ਕਹਿੰਦਾ ਹਾਂ ਕਿ ਇਸ ਸਮੇਂ ਸਿਖ ਨਈਆ ਵਡੇ ਘੁਮਣ ਘੇਰੇ ਦੇ ਮੂੰਹ ਆਈ ਹੈ। ਜੇ ਗੁਰੂ ਦੇ ਸਿਖ ਹੋ ਅਤੇ ਹਿੰਮਤ ਹੈ ਜੇ, ਤਾਂ ਆਓ ਰਲ ਮਿਲ ਕੇ ਚਪੂ ਲਾਈਏ, ਅਤੇ ਇਸ ਨੂੰ ਇਸ ਪਤਤ ਪੁਣੇ, ਸ੍ਵੈ ਵਡਿਆਈ ਅਤੇ ਫੁਟ ਦੇ ਭੈ ਸਾਗਰ ਚੋਂ ਕਢ ਕੇ ਕੰਢੇ ਲਾਈਏ। ਇਹੋ ਉਨ੍ਹਾਂ ਸ਼ਹੀਦਾਂ ਪ੍ਰਤੀ ਤੁਹਾਡੀ ਸ਼ਰਧਾਂਜਲੀ ਹੈ। ਸਤਿਗੁਰੂ ਨਾਨਕ ਸਾਡੀਆਂ ਕਰਤੂਤਾਂ ਨੂੰ ਉਸਦੇ ਦਰ ਤੇ ਖੇਡੀ ਗਈ ਖੂਨ ਦੀ ਹੋਲੀ ਨਾਲ ਤੋਲ ਰਿਹਾ ਏ।

# ਸਹਾਇਕ ਸੂਚੀ

1. ਸ੍ਰੀ ਗੁਰੂ ਸਿੰਘ ਸਭਾ ਪਟਿਆਲਾ
2. ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੇਨ ਰੋਡ ਰਾਂਚੀ
3. ਗੁਰਮਤਿ ਪ੍ਰਚਾਰ ਸਭਾ ਗੋਬਿੰਦ ਨਗਰ ਡੇਹਰਾਦੂਨ
4. ਸ੍ਰੀ ਗੁਰੂ ਕਲਗੀਧਰ ਸੇਵਕ ਜਥਾ ਬੀਕਾਨੇਰ
5. ਸ੍ਰ: ਇੰਦਰ ਸਿੰਘ ਸ਼ਾਸਤਰੀ ਨਗਰ ਧਨਬਾਦ
6. ਸ੍ਰ: ਗੁਰਚਰਨ ਸਿੰਘ, ਪਰਮਿੰਦਰ ਸਿੰਘ ਤਸੀਲ ਰੋਡ ਜਗਰਾਓਂ
7. ਸ੍ਰ: ਗੁਰਚਰਨ ਸਿੰਘ ਇੰਡੀਆ ਆਟੋ ਮੋਬਾਇਲ ਕੁਰਨੂਲ ਏ. ਪੀ.
8. ਬ੍ਰਿਗੇਡੀਅਰ ਕੁਸ਼ਲ ਪਾਲ ਸਿੰਘ ਨਾਭਾ
9. ਸ੍ਰ: ਦਰਸ਼ਨ ਸਿੰਘ ਸੁਦਰਸ਼ਨ ਪਾਰਕ ਨਵੀਂ ਦਿਲੀ
10. ਸ੍ਰ: ਸਾਹਿਬ ਬਾਬਾ ਤੇਜਾ ਸਿੰਘ ਮੈਮੋਰੀਅਲ ਫੰਡ ਨਵੀਂ ਦਿਲੀ
11. ਗਿਆਨੀ ਜੀਤ ਸਿੰਘ ਔ: ਮਿਸ਼ਨਰੀ 13 ਖਾਰ ਬੰਬਈ
12. ਸ੍ਰ ਬਖਸ਼ੀਸ਼ ਸਿੰਘ ਬਾਘਾ ਪੁਰਾਣਾ
13. ਪ੍ਰੋ: ਜਸਵੰਤ ਸਿੰਘ, ਗਲੀ ਸ਼ਹੀਦ ਭਗਤ ਸਿੰਘ ਜਗਰਾਓਂ
14. ਬਾਬਾ ਨਾਮਦੇਵ ਪ੍ਰਕਾਸ਼ ਉਤਸਵ ਸਭਾ ਮੂਲਾਂ ਪੁਰ (ਅਡਾ ਦਾਖਾ)
15. ਸ੍ਰ ਕੁੰਢਾ ਸਿੰਘ ਛਤੀ ਗਲੀ ਜਗਰਾਓਂ
19. ਸ੍ਰ: ਕਿਸ਼ਨ ਸਿੰਘ ਕਰਿਆਨੇ ਵਾਲੇ ਧਰਮ ਕੋਟ

ਪ੍ਰਕਾਸ਼ਕ
ਨਰੈਣ ਸਿੰਘ
ਸਕੱਤਰ
ਗੁਰੂ ਨਾਨਕ ਦੇਵ ਮਿਸ਼ਨ

22 ਫਰਵਰੀ 1980

ਛਾਪਕ
ਇਨਕਲਾਬੀ ਪ੍ਰਿੰਟਰਜ਼
ਪਟਿਆਲਾ।